| Surname | | Other Names | |
|---|---|---|---|
| Centre Number | | Candidate Number | |
| Candidate Signature | | | |

| Leave blank |
|---|

General Certificate of Secondary Education
June 2006

**PANJABI**
**Reading Test**
**Higher Tier**

**3681/RH**

# H

Tuesday 13 June 2006 9.00 am to 9.50 am

**You will need no other materials.**

Time allowed: 50 minutes

**Instructions**
- Use blue or black ink or ball-point pen.
- Fill in the boxes at the top of this page.
- Write your answers in this combined question paper/answer book.
- Answer **all** questions.
- In **Section A** answer the questions in **Panjabi**.
- In **Section B** answer the questions in **English**.
- Write neatly and put down **all** the information you are asked to give.

**Information**
- The maximum mark for this paper is 45.
- The marks for questions are shown in brackets.
- You must **not** use a dictionary at any time during this test.

| For Examiner's Use | | | |
|---|---|---|---|
| Page | Mark | Page | Mark |
| 2/3 | | 10/11 | |
| 4/5 | | | |
| 6/7 | | | |
| 8/9 | | | |
| Total (Column 1) → | | | |
| Total (Column 2) → | | | |
| TOTAL | | | |
| Examiner's Initials | | | |

LEAVE MARGIN BLANK

## ਸੈਕਸ਼ਨ ਏ

ਪ੍ਰਸ਼ਨ ਅਤੇ ਉੱਤਰ ਪੰਜਾਬੀ ਵਿੱਚ

**1** ਤੁਸੀਂ ਖੇਡਾਂ ਬਾਰੇ ਇਹ ਵਿਚਾਰ ਪੜ੍ਹਦੇ ਹੋ ।

ਸਤਨਾਮ:- ਮੈਨੂੰ ਫੁੱਟਬਾਲ ਬਹੁਤ ਪਸੰਦ ਹੈ ਕਿਉਂਕਿ ਇਹ ਤੇਜ਼ ਖੇਡ ਹੈ ।

ਪਰਮਿੰਦਰ:- ਮੈਂ ਕਰਿਕਟ ਪਸੰਦ ਕਰਦਾ ਹਾਂ ਕਿਉਂਕਿ ਮੈਚ ਲੰਬੇ ਹੁੰਦੇ ਹਨ ।

ਅਮਨ:- ਮੈਨੂੰ ਟੈਨਿਸ ਜ਼ਿਆਦਾ ਚੰਗੀ ਲਗਦੀ ਹੈ ਕਿਉਂਕਿ ਇਹ ਬਹੁਤ ਦਿਲਚਸਪ ਖੇਡ ਹੈ ।

ਆਪਣੇ ਉੱਤਰ ਲਿਖ ਕੇ ਹੇਠ ਦਿੱਤੇ ਖਾਨਿਆਂ ਨੂੰ ਪੂਰਾ ਕਰੋ ।

| | **ਕਿਹੜੀ ਖੇਡ** ਚੰਗੀ ਲਗਦੀ ਹੈ ? | ਇਹ ਖੇਡ **ਕਿਉਂ ਚੰਗੀ** ਲਗਦੀ ਹੈ ? |
|---|---|---|
| ਅਮਨ | | |
| ਪਰਮਿੰਦਰ | | *ਮੈਚ ਲੰਬੇ ਹੁੰਦੇ ਹਨ ।* |
| ਸਤਨਾਮ | | |

*(5 marks)*

LEAVE MARGIN BLANK

**2** ਤੁਸੀਂ ਲੇਖ ਦਾ ਇੱਕ ਹਿੱਸਾ ਦੇਖਦੇ ਹੋ ਜੋ ਬਲਬੀਰ ਨੇ ਲਿਖਿਆ ਹੈ ।

> ਅਸੀਂ ਘਰ ਦਾ ਸਾਰਾ ਕੰਮ ਰਲ ਕੇ ਕਰਦੇ ਹਾਂ ਕਿਉਂਕਿ ਮੇਰੇ ਮਾਤਾ ਪਿਤਾ ਦੋਵੇਂ ਕੰਮ ਤੇ ਜਾਂਦੇ ਹਨ । ਮੇਰਾ ਭਰਾ ਸਾਰੇ ਘਰ ਵਿੱਚ ਹੂਵਰ ਕਰਦਾ ਹੈ । ਮੇਰੀ ਭੈਣ ਸੌਣ ਵਾਲੇ ਕਮਰਿਆਂ ਦੀ ਸਫਾਈ ਕਰਦੀ ਹੈ । ਬਗੀਚੇ ਦੀ ਦੇਖ ਭਾਲ ਮੇਰੇ ਪਿਤਾ ਜੀ ਕਰਦੇ ਹਨ । ਮੇਰੇ ਮਾਤਾ ਜੀ ਖਾਣਾ ਬਣਾਉਂਦੇ ਹਨ । ਆਪਣੇ ਦਾਦੀ ਜੀ ਨੂੰ ਅਸੀਂ ਕਦੇ ਕੋਈ ਕੰਮ ਕਰਨ ਲਈ ਨਹੀਂ ਕਹਿੰਦੇ ਪਰ ਉਹ ਮਾਤਾ ਜੀ ਦੀ ਰਸੋਈ ਦੇ ਕੰਮ ਵਿੱਚ ਮਦਦ ਕਰਨਾ ਪਸੰਦ ਕਰਦੇ ਹਨ । ਖਾਣ ਵਾਲੇ ਤੇ ਬੈਠਣ ਵਾਲੇ ਕਮਰੇ ਦੀ ਸਫਾਈ ਰੱਖਣ ਦਾ ਕੰਮ ਮੇਰਾ ਹੈ ।

ਵਾਕਾਂ ਨੂੰ ਪੜ੍ਹੋ ।

**ਲਿਖੋ :**

ਠੀਕ **ਠ**
ਗਲਤ **ਗ**
ਪਤਾ ਨਹੀਂ ?

| | | |
|---|---|---|
| **ਉਦਾਹਰਣ** | ਬਲਬੀਰ ਦੇ ਮਾਤਾ ਜੀ ਕੰਮ ਤੇ ਨਹੀਂ ਜਾਂਦੇ । | **ਗ** |
| | ਬਲਬੀਰ ਦਾ ਭਰਾ ਘਰ ਵਿੱਚ ਹੂਵਰ ਫੇਰਦਾ ਹੈ । | |
| | ਬਲਬੀਰ ਦੇ ਪਿਤਾ ਜੀ ਕਾਰ ਸਾਫ ਕਰਦੇ ਹਨ । | |
| | ਬਲਬੀਰ ਦੀ ਭੈਣ ਸੌਣ ਵਾਲੇ ਕਮਰੇ ਸਾਫ ਰੱਖਦੀ ਹੈ । | |
| | ਬਲਬੀਰ ਦੇ ਦਾਦੀ ਜੀ ਬਗੀਚੇ ਦੀ ਦੇਖ ਭਾਲ ਕਰਦੇ ਹਨ । | |
| | ਬਲਬੀਰ ਦੇ ਮਾਤਾ ਜੀ ਰਸੋਈ ਦਾ ਕੰਮ ਕਰਦੇ ਹਨ । | |

*(5 marks)*

10

**Turn over ▸**

LEAVE
MARGIN
BLANK

**3** ਜਸਪਾਲ ਤੁਹਾਨੂੰ ਇੰਗਲੈਂਡ ਦੇ ਮੌਸਮ ਬਾਰੇ ਆਪਣੇ ਵਿਚਾਰ ਦੱਸ ਰਿਹਾ ਹੈ ।

> ਇੰਗਲੈਂਡ ਦਾ ਗਰਮੀ ਦਾ ਮੌਸਮ ਮੈਨੂੰ ਬਹੁਤ ਪਸੰਦ ਹੈ ਕਿਉਂਕਿ ਇਹ ਨਾ ਜ਼ਿਆਦਾ ਗਰਮ ਅਤੇ ਨਾ ਹੀ ਠੰਡਾ ਹੁੰਦਾ ਹੈ । ਧੁੱਪ ਵਿੱਚ ਬੈਠ ਕੇ ਬੜਾ ਮਜ਼ਾ ਆਉਂਦਾ ਹੈ । ਦਿਨ ਬੜੇ ਲੰਬੇ ਹੁੰਦੇ ਹਨ । ਪਰ ਇੰਗਲੈਂਡ ਦਾ ਸਰਦੀ ਦਾ ਮੌਸਮ ਮੈਨੂੰ ਬਿਲਕੁਲ ਪਸੰਦ ਨਹੀਂ । ਬਹੁਤ ਠੰਡ ਹੁੰਦੀ ਹੈ । ਸਵੇਰੇ ਸ਼ਾਮ ਹਨੇਰਾ ਰਹਿੰਦਾ ਹੈ । ਧੁੱਪ ਘੱਟ ਹੀ ਨਿਕਲਦੀ ਹੈ ।

(ੳ) ਜਸਪਾਲ ਇੰਗਲੈਂਡ ਦਾ ਗਰਮੀ ਦਾ ਮੌਸਮ ਕਿਉਂ ਪਸੰਦ ਕਰਦਾ ਹੈ ? ਦੋ ਗੱਲਾਂ ਲਿਖੋ ।

1 ..........................................................................................................................

2 ..........................................................................................................................

*(2 marks)*

(ਅ) ਜਸਪਾਲ ਇੰਗਲੈਂਡ ਦਾ ਸਰਦੀ ਦਾ ਮੌਸਮ ਕਿਉਂ ਪਸੰਦ ਨਹੀਂ ਕਰਦਾ ? ਦੋ ਗੱਲਾਂ ਲਿਖੋ ।

1 ..........................................................................................................................

2 ..........................................................................................................................

*(2 marks)*

LEAVE MARGIN BLANK

**4** ਤੁਸੀਂ ਅਖ਼ਬਾਰ ਵਿੱਚ ਇਹ ਲੇਖ ਪੜ੍ਹਦੇ ਹੋ ।
ਹੇਠ ਦਿੱਤੇ ਖਾਨਿਆਂ ਵਿੱਚ ਠੀਕ ਸ਼ਬਦਾਂ ਦੇ ਨੰਬਰ ਭਰੋ ।

## ਮੁੰਬਈ ਤੋਂ ਲੰਡਨ ਲਈ ਰੋਜ਼ਾਨਾ ਉਡਾਨ ਸ਼ੁਰੂ

ਉਦਾਹਰਣ

ਯੂ.ਕੇ. ਤੋਂ ਵਧ ਰਹੀ [ 4 ] ਨੂੰ ਪੂਰਾ ਕਰਨ ਲਈ ਗਲਫ ਏਅਰ ਵਲੋਂ ਮੁੰਬਈ ਤੋਂ ਲੰਡਨ ਤੱਕ ਇੱਕ 'ਵਨ ਸਟਾਪ' ਸਰਵਿਸ [ ] ਕੀਤੀ ਜਾ ਰਹੀ ਹੈ । ਇਸ ਦਾ 50 ਮਿੰਟ ਦਾ ਸਟਾਪ [ ] ਵਿੱਚ ਹੋਵੇਗਾ । [ ] ਦੀ ਵਧ ਰਹੀ ਲੋੜ ਪੂਰੀ ਕਰਨ ਲਈ ਮੁੰਬਈ ਤੋਂ ਇੱਕ [ ] ਸਰਵਿਸ ਲੰਡਨ ਐਕਸਪ੍ਰੈਸ ਲਈ ਇਕੌਨੋਮੀ ਕਲਾਸ ਦਾ ਕਿਰਾਇਆ 21,000 ਰੁਪਏ ਅਤੇ [ ] ਕਲਾਸ ਦਾ ਕਿਰਾਇਆ 69,000 ਰੁਪਏ ਹੋਵੇਗਾ । ਇਹ [ ] ਮੁੰਬਈ ਤੋਂ ਦੁਪਹਿਰ ਪਿੱਛੋਂ ਇੱਕ ਵਜੇ ਚੱਲੇਗੀ ਅਤੇ ਦੋ ਵਜੇ ਡਬਈ ਪਹੁੰਚੇਗੀ, ਜਿੱਥੇ ਉਹ 50 ਮਿੰਟ [ ] ਤੋਂ ਬਾਅਦ ਚੱਲ ਕੇ ਰਾਤ ਅੱਠ ਵਜੇ [ ] ਪਹੁੰਚੇਗੀ । [ ] ਲਈ ਇਹ ਉਡਾਨ ਰਾਤ 8.30 ਵਜੇ ਲੰਡਨ ਤੋਂ ਚੱਲ ਕੇ ਦੁਪਹਿਰ 12 ਵਜ ਕੇ 10 ਮਿੰਟ ਤੇ ਮੁੰਬਈ ਪਹੁੰਚੇਗੀ ।

1. ਬਰਮਿੰਘਮ
2. ਸੀਟਾਂ
3. ਰੁਕਣ
4. ਮੰਗ
5. ਵਾਪਸੀ
6. ਰੋਜ਼ਾਨਾ
7. ਲੰਡਨ
8. ਸ਼ੁਰੂ
9. ਖਰਾਬ
10. ਉਡਾਨ
11. ਡਬਈ
12. ਫਸਟ

*(9 marks)*

13

**Turn over ▸**

LEAVE MARGIN BLANK

**5** ਤੁਸੀਂ ਇੱਕ ਰਸਾਲੇ ਵਿੱਚ ਇਹ ਲੇਖ ਪੜ੍ਹਦੇ ਹੋ ।

ਮੇਰਾ ਮਨ ਪਸੰਦ ਗਾਇਕ *ਗੁਰਦਾਸ ਮਾਨ* ਹੈ । ਉਸ ਦੀ ਅਵਾਜ਼ ਵਿੱਚ ਮਿਠਾਸ ਹੈ ਤੇ ਸੰਗੀਤ ਬਹੁਤ ਸੁਰੀਲਾ ਹੈ । ਗਾਣਿਆਂ ਦੇ ਬੋਲ ਸਾਦੇ ਪਰ ਮਤਲਬ ਭਰਪੂਰ ਹੁੰਦੇ ਹਨ । ਗਾਣਿਆਂ ਨਾਲ ਰਿਲੀਜ਼ ਕੀਤੀਆਂ ਵਿਡੀਓ ਵੀ ਬੜੇ ਸੁਚੱਜੇ ਢੰਗ ਨਾਲ ਤਿਆਰ ਕੀਤੀਆਂ ਹੁੰਦੀਆਂ ਹਨ ਅਤੇ ਪਰਿਵਾਰ ਵਿੱਚ ਬੈਠ ਕੇ ਦੇਖਣ ਵਾਲੀਆਂ ਹੁੰਦੀਆਂ ਹਨ ।

ਗਰਦਾਸ ਮਾਨ ਦੇ ਗਾਣਿਆਂ ਵਿੱਚ ਮਨੋਰੰਜਨ ਤੋਂ ਇਲਾਵਾ ਕਾਫੀ ਕੁਝ ਸਿੱਖਣ ਨੂੰ ਮਿਲਦਾ ਹੈ ਜਿਵੇਂ ਕਿ ਪੰਜਾਬੀ ਲੋਕ-ਸਭਿਅਤਾ ਬਾਰੇ ਜਾਣਕਾਰੀ, ਪੰਜਾਬੀ ਪੇਂਡੂ ਜ਼ਿੰਦਗੀ ਦੇ ਨਜ਼ਾਰੇ, ਪੰਜਾਬੀ ਵਿਰਸੇ ਲਈ ਪਿਆਰ ਅਤੇ ਪੰਜਾਬੀ ਬੋਲੀ ਦੀ ਮਹੱਤਤਾ ਆਦਿ ।

'ਆਪਣਾ ਪੰਜਾਬ ਹੋਵੇ' ਅਤੇ 'ਪਿੰਡ ਦੀਆਂ ਗਲੀਆਂ' ਵਰਗੇ ਗੀਤ ਸੁਣ ਕੇ ਵਿਦੇਸ਼ਾਂ ਵਿੱਚ ਵਸਦੇ ਹਰੇਕ ਪੰਜਾਬੀ ਦਾ ਮਨ ਭਰ ਆਉਂਦਾ ਹੈ ਅਤੇ ਪੰਜਾਬ ਪਰਤ ਜਾਣ ਲਈ ਕਾਹਲਾ ਪੈ ਜਾਂਦਾ ਹੈ । ਉਸ ਦੇ 'ਹੀਰ' ਵਰਗੇ ਗਾਣੇ ਸੱਚੇ ਪਿਆਰ ਦੀ ਤਾਕਤ ਦਾ ਅਹਿਸਾਸ ਕਰਾਂਉਂਦੇ ਹਨ । ਗੁਰਦਾਸ ਮਾਨ ਦੇ ਗੀਤਾਂ ਤੋਂ ਉਤਸ਼ਾਹ ਮਿਲਦਾ ਹੈ ਅਤੇ ਪੰਜਾਬੀ ਹੋਣ ਤੇ ਮਾਣ ਮਹਿਸੂਸ ਹੁੰਦਾ ਹੈ ।

ਗੁਰਦਾਸ ਮਾਨ ਦੇ ਗਾਣਿਆਂ ਵਿੱਚ ਸਮਾਜ ਲਈ ਚੁਣੌਤੀ ਵੀ ਹੈ । ਉਹ ਆਪਣੇ ਗੀਤਾਂ ਰਾਹੀਂ ਜਾਤ ਪਾਤ ਦੇ ਭੇਦ-ਭਾਵ, ਅਮੀਰੀ ਗਰੀਬੀ ਦੇ ਫਰਕ , ਕੁੜੀਆਂ ਨਾਲ ਹੋ ਰਹੀਆਂ ਬੇਇਨਸਾਫੀਆਂ, ਪੰਜਾਬ ਦੀ ਵੰਡ ਆਦਿ ਮਸਲਿਆਂ ਬਾਰੇ ਸਮਾਜ ਨੂੰ ਦੱਸਣ ਤੋਂ ਝਿਜਕਦਾ ਨਹੀਂ । ਅਖੀਰ ਵਿੱਚ ਮੈਂ ਇਹ ਕਹਾਂਗੀ ਕਿ ਗੁਰਦਾਸ ਮਾਨ ਇੱਕ ਵਧੀਆ ਗਾਇਕ ਤੇ ਐਕਟਰ ਹੀ ਨਹੀਂ ਸਗੋਂ ਆਪਣੇ ਆਪ ਵਿੱਚ ਇੱਕ ਸੰਸਥਾ ਹੈ ।

ਸਰਬਜੀਤ ਕੌਰ

LEAVE MARGIN BLANK

(ੳ) ਸਰਬਜੀਤ ਗੁਰਦਾਸ ਮਾਨ ਦੇ ਗਾਣੇ ਇੰਨੇ ਪਸੰਦ ਕਿਉਂ ਕਰਦੀ ਹੈ ? ਦੋ ਗੱਲਾਂ ਲਿਖੋ ।

..............................................................................................................................

..............................................................................................................................

*(2 marks)*

(ਅ) ਗੁਰਦਾਸ ਮਾਨ ਦੇ ਗਾਣਿਆਂ ਤੋਂ ਮਨੋਰੰਜਨ ਤੋਂ ਇਲਾਵਾ ਸਿੱਖਣ ਨੂੰ ਕੀ ਕੀ ਮਿਲਦਾ ਹੈ ? ਦੋ ਗੱਲਾਂ ਲਿਖੋ ।

..............................................................................................................................

..............................................................................................................................

*(2 marks)*

(ੲ) ਸਰਬਜੀਤ ਦੇ ਵਿਚਾਰਾਂ ਅਨੁਸਾਰ ਪੰਜਾਬੀ ਲੋਕ ਗੁਰਦਾਸ ਮਾਨ ਦੇ ਗਾਣਿਆਂ ਨੂੰ ਸੁਣ ਕੇ ਕਿਵੇਂ ਮਹਿਸੂਸ ਕਰਦੇ ਹਨ ? ਦੋ ਗੱਲਾਂ ਲਿਖੋ

..............................................................................................................................

..............................................................................................................................

*(2 marks)*

(ਸ) ਗੁਰਦਾਸ ਮਾਨ ਆਪਣੇ ਗਾਣਿਆਂ ਦੁਆਰਾ ਸਮਾਜ ਨੂੰ ਕਿਹੋ ਜਿਹੀਆਂ ਗੱਲਾਂ ਬਾਰੇ ਚੁਣੌਤੀ ਦਿੰਦਾ ਹੈ ? ਦੋ ਗੱਲਾਂ ਲਿਖੋ ।

..............................................................................................................................

..............................................................................................................................

*(2 marks)*

(ਹ) ਸਰਬਜੀਤ ਦੇ ਲੇਖ ਤੋਂ ਕਿਵੇਂ ਪਤਾ ਲਗਦਾ ਹੈ ਕਿ ਉਹ ਗੁਰਦਾਸ ਮਾਨ ਨੂੰ ਇੱਕ ਚੰਗਾ ਗਾਇਕ ਹੀ ਨਹੀਂ ਸਗੋਂ ਇੱਕ ਬਹੁਤ ਉੱਚੇ ਦਰਜੇ ਦਾ ਵਿਅਕਤੀ ਸਮਝਦੀ ਹੈ ?

..............................................................................................................................

..............................................................................................................................

*(1 mark)*

| |
|---|
| |
| **9** |

**Turn over ▸**

LEAVE MARGIN BLANK

**6** ਤੁਸੀਂ ਪਰਮਜੀਤ ਦੇ ਫਿਲਮ ਬਾਰੇ ਲੇਖ ਦਾ ਇੱਕ ਹਿੱਸਾ ਪੜ੍ਹਦੇ ਹੋ ।

## 'ਅਸਾਨੂੰ ਮਾਣ ਵਤਨਾਂ ਦਾ'

ਇਸ ਫਿਲਮ ਦਾ ਹੀਰੋ 'ਹਰਭਜਨ ਮਾਨ' ਤੇ ਹੀਰੋਇਨ 'ਕਿੱਮੀ ਵਰਮਾ' ਹੈ । ਇਹ ਫਿਲਮ ਮੈਨੂੰ ਬਹੁਤ ਪਸੰਦ ਆਈ ਕਿਉਂਕਿ ਇਹ ਬਾਹਰਲੇ ਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਦੀ ਜ਼ਿੰਦਗੀ ਬਾਰੇ ਹੈ ਅਤੇ ਇੱਕ ਫੈਮਿਲੀ ਦੀ ਕਹਾਣੀ ਹੈ । 'ਕਿੱਮੀ ਵਰਮਾ' ਦੇ ਇਸ ਫਿਲਮ ਵਿੱਚ ਪਾਏ ਹੋਏ ਕੱਪੜਿਆਂ ਤੋਂ ਮੈਂ ਜਾਣ ਗਈ ਹਾਂ ਕਿ ਪੰਜਾਬੀ ਸੂਟਾਂ ਦੇ ਕੱਪੜੇ, ਰੰਗ, ਡਿਜ਼ਾਈਨ ਅਤੇ ਸਟਾਈਲ ਦਾ ਨਵਾਂ ਫੈਸ਼ਨ ਕੀ ਹੈ ।

(ੳ) ਇਸ ਫਿਲਮ ਦੀ ਹੀਰੋਇਨ ਕੌਣ ਹੈ ?

..........................................................................................................................

*(1 mark)*

(ਅ) ਪਰਮਜੀਤ ਨੂੰ ਇਹ ਫਿਲਮ ਕਿਉਂ ਪਸੰਦ ਆਈ ? ਦੋ ਗੱਲਾਂ ਲਿਖੋ ।

..........................................................................................................................

..........................................................................................................................

*(2 marks)*

(ੲ) ਪਰਮਜੀਤ ਨੇ ਇਸ ਫਿਲਮ ਤੋਂ ਕੀ ਸਿੱਖਿਆ ?

..........................................................................................................................

*(1 mark)*

LEAVE
MARGIN
BLANK

**Turn over for Section B**

4

Turn over ▶

LEAVE MARGIN BLANK

## SECTION B

Questions and answers in **English**.

**7** You read this article in a magazine.

ਗਰਮੀਆਂ ਦੀਆਂ ਛੁੱਟੀਆਂ ਵਿੱਚ ਮੈਂ ਪੰਜ ਹਫਤੇ ਲਈ ਭਾਰਤ ਗਿਆ । ਉੱਥੇ ਅਸੀਂ ਬਹੁਤ ਘੁੰਮੇ ਫਿਰੇ । ਮੇਰੇ ਖਿਆਲ ਵਿੱਚ ਭਾਰਤ ਵਰਗੀ ਜਗ੍ਹਾ ਦੁਨੀਆਂ ਵਿੱਚ ਹੋਰ ਕੋਈ ਨਹੀਂ ਕਿਉਂਕਿ ਇੱਥੇ ਤਰ੍ਹਾਂ ਤਰ੍ਹਾਂ ਦੀਆਂ ਧਾਰਮਿਕ ਤੇ ਇਤਿਹਾਸਕ ਦੇਖਣਯੋਗ ਥਾਂਵਾਂ ਹਨ । ਇਹਨਾਂ ਵਿੱਚ ਪ੍ਰਾਚੀਨ ਮੰਦਰ, ਸੁੰਦਰ ਗੁਰਦਵਾਰੇ, ਵੱਡੇ ਵੱਡੇ ਕਿਲ੍ਹੇ, ਮਹਿਲ ਤੇ ਹਵੇਲੀਆਂ ਸ਼ਾਮਲ ਹਨ । ਹਿਮਾਚਲ ਤੇ ਜੰਮੂ ਕਸ਼ਮੀਰ ਦੇ ਪਹਾੜੀ ਇਲਾਕਿਆਂ ਦੀ ਕੁਦਰਤੀ ਸੁੰਦਰਤਾ ਤਾਂ ਸ਼ਾਇਦ ਹੀ ਦੁਨੀਆਂ ਵਿੱਚ ਹੋਰ ਕਿਧਰੇ ਦੇਖਣ ਨੂੰ ਮਿਲੇ ।

ਦੋ ਹਫਤੇ ਅਸੀਂ ਹਿਮਾਚਲ ਦੇ ਪਹਾੜੀ ਇਲਾਕਿਆਂ ਵਿੱਚ ਬਿਤਾਏ । ਉੱਥੋਂ ਦੇ ਉੱਚੇ ਪਹਾੜ, ਠੰਡੀਆਂ ਹਵਾਵਾਂ, ਪਾਣੀ ਦੇ ਝਰਨੇ ਤੇ ਹੋਰ ਸੁਹਾਵਣੇ ਦ੍ਰਿਸ਼ਾਂ ਨੇ ਤਾਂ ਮੇਰਾ ਮਨ ਹੀ ਮੋਹ ਲਿਆ । ਉੱਥੇ ਦਾ ਸ਼ਾਂਤਮਈ ਮਹੌਲ ਮੈਨੂੰ ਬਹੁਤ ਹੀ ਚੰਗਾ ਲੱਗਿਆ । ਪਰ, ਹਿਮਾਚਲ ਦੀਆਂ ਸੜਕਾਂ ਬਹੁਤ ਤੰਗ ਤੇ ਖਤਰਨਾਕ ਹਨ । ਦੁਰਘਟਨਾ ਹੋਣ ਦਾ ਬਹੁਤ ਖਤਰਾ ਹੈ । ਮੀਂਹ ਪੈਣ ਤੋਂ ਬਾਅਦ ਕਿਸੇ ਵੀ ਸਮੇਂ ਪਹਾੜ ਡਿੱਗ ਸਕਦੇ ਹਨ ਅਤੇ ਹੜ੍ਹ ਆ ਸਕਦੇ ਹਨ ।

ਜਿਹੜੇ ਲੋਕ ਇਹ ਸਮਝਦੇ ਹਨ ਕਿ ਭਾਰਤ ਛੁੱਟੀਆਂ ਮਨਾਉਣ ਜਾਣ ਲਈ ਚੰਗਾ ਨਹੀਂ ਹੈ, ਉਹਨਾਂ ਤੇ ਮੈਨੂੰ ਬਹੁਤ ਗੁੱਸਾ ਆਉਂਦਾ ਹੈ, ਕਿਉਂਕਿ ਮੇਰੇ ਖਿਆਲ ਵਿੱਚ ਇੱਥੇ ਹਰ ਤਰ੍ਹਾਂ ਦੀਆਂ ਸਹੂਲਤਾਂ ਹਨ ਅਤੇ ਜਿਸ ਢੰਗ ਨਾਲ ਵੀ ਚਾਹੋ, ਤੁਸੀਂ ਚੰਗੀਆਂ ਛੁੱਟੀਆਂ ਬਿਤਾ ਸਕਦੇ ਹੋ ।

ਜਸਵਿੰਦਰ

LEAVE MARGIN BLANK

(a) When did Jaswinder go to India and how long did he stay there?

.....................................................................................................................................

.....................................................................................................................................
*(1 mark)*

(b) What evidence is there that Jaswinder thinks very highly of India? Give **two** details.

1 .................................................................................................................................

2 .................................................................................................................................
*(2 marks)*

(c) Why is Jaswinder so impressed with Himachal? Give **two** details.

1 .................................................................................................................................

2 .................................................................................................................................
*(2 marks)*

(d) What are Jaswinder's concerns about Himachal? Give **two** details.

1 .................................................................................................................................

2 .................................................................................................................................
*(2 marks)*

(e) What arguments does Jaswinder put forward to convince people that India is a good place to go to on holiday? Give **two** details.

1 .................................................................................................................................

2 .................................................................................................................................
*(2 marks)*

**END OF QUESTIONS**

**9**

**There are no questions printed on this page**

Copyright © 2006 AQA and its licensors. All rights reserved.